# ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ) ਫਤਿਹਗੜ ਸਾਹਿਬ

ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜਗਾਰ ਗਾਰੰਟੀ ਐਕਟ ਤਹਿਤ ਨਿਰੋਲ ਠੇਕੇ ਦੇ ਆਧਾਰ ਤੇ ਜਿਲ੍ਹੇ ਵਿੱਚ ਕੰਮ ਕਰਨ ਲਈ ਹੇਠ ਲਿਖੇ ਸਟਾਫ ਦੀ ਜਰੂਰਤ ਹੈ :-

## ਅਸਾਮੀਆਂ ਦੀ ਵਿਦਿਅਕ ਯੋਗਤਾ : -

| ਲੜੀ ਨੰ | ਅਸਾਮੀ ਦਾ ਨਾਂ | ਭਰੀਆਂ ਜਾਣ ਵਾਲੀਆਂ ਅਸਾਮੀਆਂ ਦੀ ਗਿਣਤੀ | ਤਨਖਾਹ | ਵਿਸ਼ੇਸ਼ ਕਥਨ |
|---|---|---|---|---|
| 1 | ਗਰਾਮ ਰੋਜਗਾਰ ਸਹਾਇਕ | 10 | 8500+ (900 ਸਫਰੀ ਭੱਤਾ) | ਬਾਰ੍ਹਵੀਂ ਪਾਸ ਅਤੇ ਕੰਪਿਊਟਰ ਦੀ ਜਾਣਕਾਰੀ ।<br>ਨੋਟ: ਸਬੰਧਤ ਬਲਾਕ ਦੇ ਵਸਨੀਕ ਨੂੰ ਬਲਾਕ ਵਿੱਚ ਪਹਿਲ ਦਿੱਤੀ ਜਾਵੇਗੀ। |
| 2 | ਕੰਪਿਓਟਰ ਅਸਿਸਟੈਂਟ | 04 | 11000/- | 1) ਬੀ.ਸੀ.ਏ/ਬੀ.ਟੈਕ/ਐਮ.ਸੀ.ਏ ਜਾਂ ਬਰਾਬਰ ਦੀ ਯੋਗਤਾ ਅਤੇ ਐਮ.ਐਸ ਆਫਿਸ, ਇੰਟਰਨੈਟ ਅਤੇ ਬੇਸਿਕ ਪ੍ਰੋਗਰਾਮਿੰਗ ਵਿੱਚ ਮੁਹਾਰਤ<br>2) ਇੱਕ ਸਾਲ ਦਾ ਤਜਰਬਾ |
| 3 | ਅਕਾਉਟੈਂਟ | 01 | 11000/- | ਐਮ.ਕਾਮ/ਬੀ.ਕਾਮ/ਸੀ.ਏ., ਅਤੇ ਸਬੰਧਤ ਖੇਤਰ ਵਿੱਚ ਘੱਟੋ ਘੱਟ ਇੱਕ ਸਾਲ ਦਾ ਤਜਰਬਾ।<br>ਕੰਪਿਊਟਰ ਵਿੱਚ ਮੁਹਾਰਤ ਅਤੇ ਟੈਲੀ ਸਾਫਟ ਵੇਅਰ ਦੀ ਜਾਣਕਾਰੀ ।<br>ਜਾਂ<br>ਰਿਟਾਇਰਡ ਸਰਕਾਰੀ ਜਾਂ ਅਰਧ ਸਰਕਾਰੀ ਅਕਾਊਂਟਸ ਅਸਿਸਟੈਂਟ, ਟੈਲੀ ਸਾਫਟ ਵੇਅਰ ਦੀ ਜਾਣਕਾਰੀ ਸਮੇਤ। |

## ਸ਼ਰਤਾ:-

- ਚੁਣੇ ਗਏ ਉਮੀਦਵਾਰਾਂ ਨੂੰ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਜਿਲ੍ਹਾ ਹੈਡ ਕੁਆਰਟਰ ਜਾਂ ਬਲਾਕ ਹੈਡ ਕੁਆਰਟਰਾਂ ਤੇ ਤਾਇਨਾਤ ਕੀਤਾ ਜਾਵੇਗਾ।
- ਨੌਕਰੀ ਲਈ ਤਾਇਨਾਤ ਕੀਤੇ ਉਮੀਦਵਾਰ ਕੰਟਰੈਕਟ ਅਨੁਸਾਰ ਮਹਾਤਮਾ ਗਾਂਧੀ ਨਰੇਗਾ ਦੀ 5% ਕੰਟਨਜੈਂਸੀ ਵਿੱਚੋਂ ਰੱਖੇ ਜਾਣਗੇ, ਸਕੀਮ ਦੀ 5% ਕੰਟਨਜੈਂਸੀ ਅਨੁਸਾਰ ਹੀ ਕੰਟਰੈਕਟ ਵਿੱਚ ਵਾਧਾ/ਘਾਟਾ ਕੀਤਾ ਜਾਵੇਗਾ। ਜੇਕਰ ਮਗਨਰੇਗਾ ਸਕੀਮ ਬੰਦ ਕੀਤੀ ਜਾਂਦੀ ਹੈ ਜਾਂ ਕੰਟਨਜੈਂਸੀ ਫੰਡ ਉਪਲੱਬਧ ਨਹੀਂ ਹੁੰਦੇ ਤਾਂ ਕੰਟਰੈਕਟ ਖਤਮ ਸਮਝਿਆ ਜਾਵੇਗਾ।
- ਰਿਟਾਰੀਆਂ ਤੋਂ ਇਲਾਵਾ ਦੂਜੇ ਉਮੀਦਵਾਰਾਂ ਲਈ ਉਮਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਗਿਆਪਨ ਦੀ ਮਿਤੀ ਤੋਂ 18-38 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਅਨੁਸੂਚਿਤ ਜਾਤੀ, ਪੱਛੜੀ ਜਾਤੀ, ਐਕਸ ਸਰਵਿਸਮੈਨ, ਸਾਬਕਾ ਫੌਜੀ, ਵਿਧਵਾ, ਤਲਾਕਸ਼ੁਦਾ ਔਰਤਾਂ ਅਤੇ ਵਿਕਲਾਂਗ ਉਮੀਦਵਾਰਾਂ ਦੀ ਉਮਰ ਦੀ ਉਪਰਲੀ ਸੀਮਾਂ ਦੀ ਹੱਦ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ।
- ਐਪਲੀਕੇਸ਼ਨ ਫਾਰਮ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਮਗਨਰੇਗਾ ਸੈਲ,ਜਿਲ੍ਹਾ ਪ੍ਰੀਸ਼ਦ, ਫਤਿਹਗੜ੍ਹ ਸਾਹਿਬ ਵਿੱਚੋਂ ਪ੍ਰਾਪਤ ਕੀਤੇ ਜਾ ਸਕਦੇ ਹਨ।
- ਪੋਸਟਾਂ ਦੀ ਗਿਣਤੀ ਵਿੱਚ ਵਾਧਾ ਜਾਂ ਘਾਟਾ ਕਰਨ ਦਾ ਅਧਿਕਾਰ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ),ਫਤਿਹਗੜ੍ਹ ਸਾਹਿਬ ਪਾਸ ਰਾਖਵਾਂ ਹੋਵੇਗਾ।
- ਇੰਟਰਵਿਊ ਤੇ ਲਿਖਤੀ ਪ੍ਰੀਖਿਆ ਵਿੱਚ ਆਉਣ ਲਈ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

## ਮੈਰਿਟ ਲਈ ਕਰਟੀਰੀਆ :

1) ਕੰਪਿਊਟਰ ਅਸਿਸਟੈਂਟ ਲਈ ਟਾਇਪ ਟੈਸਟ ਦੇ ਪੰਜਾਬੀ ਟਾਇਪ 5 ਨੰਬਰ ਅਤੇ ਅੰਗਰੇਜੀ ਟਾਇਪ 5 ਨੰਬਰ ਕੁੱਲ 10 ਨੰਬਰ। ਪੰਜਾਬੀ ਅਤੇ ਅੰਗਰੇਜੀ ਟਾਇਪ ਟੈਸਟ ਪਾਸ ਕਰਨਾ ਲਾਜਮੀ ਹੈ।
2) ਸਾਰੀਆਂ ਆਸਾਮੀਆਂ ਲਈ ਇੰਟਰਵਿਊ ਦੇ 20 ਨੰਬਰ ।

ਬਿਨੈਕਾਰ ਆਪਣੀ ਅਰਜੀ ਸਮੇਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਮਗਨਰੇਗਾ ਸੈਲ, ਜਿਲ੍ਹਾ ਪ੍ਰੀਸ਼ਦ, ਫਤਿਹਗੜ੍ਹ ਸਾਹਿਬ ਦੇ ਦਫਤਰ ਵਿੱਚ ਮਿਤੀ 16/08/2016 ਨੂੰ ਸ਼ਾਮ 4:30 ਵਜੇ ਤੱਕ ਪੁੱਜਦੀਆਂ ਕਰ ਸਕਦੇ ਹਨ।ਡਾਕ ਦੁਆਰਾ ਪ੍ਰਾਪਤ ਬਿਨੈ ਪੱਤਰ ਸਵੀਕਾਰ ਨਹੀਂ ਕੀਤੇ ਜਾਣਗੇ। ਮਿਥੀ ਮਿਤੀ ਤੋਂ ਬਾਅਦ ਪੁੱਜੀਆਂ ਅਰਜੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ।ਉਮੀਦਵਾਰਾਂ ਦੀ ਇੰਟਰਵਿਊ ਅਤੇ ਮਿਤੀ 22/08/2016 ਨੂੰ ਸਵੇਰੇ 10:00 ਵਜੇ ਵਧੀਕ ਡਿਪਟੀ ਕਮਿਸ਼ਨਰ(ਵਿਕਾਸ), ਫਤਿਹਗੜ੍ਹ ਸਾਹਿਬ ਜੀ ਦੇ ਦਫਤਰ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਫਤਿਹਗੜ੍ਹ ਸਾਹਿਬ ਵਿਖੇ ਕੀਤੀ ਜਾਵੇਗੀ।

ਸਹੀ/-
ਡਿਪਟੀ ਕਮਿਸ਼ਨਰ -ਕਮ-
ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ)
ਫਤਿਹਗੜ੍ਹ ਸਾਹਿਬ ।